# ਕੀਟਨਾਸ਼ਕ ਸੁਰੱਖਿਆ ਜਾਣਕਾਰੀ

dpr

ਕੈਲੀਫੋਰਨੀਆ ਦੇ ਵਾਤਾਵਰਣ ਦੀ ਸੁਰੱਖਿਆ ਬਾਰੇ ਏਜੰਸੀ

**A No. 8**

## ਫਾਰਮਾਂ ਵਿੱਚ ਕੀਟਨਾਸ਼ਕਾਂ ਦਾ ਇਸਤੇਮਾਲ ਕਰਨ ਵਾਲੇ (ਹੈਂਡਲਰਾਂ) ਲਈ ਸੁਰੱਖਿਆ ਨਿਯਮ



**ਇਸ ਲੀਫਲੈਟ (ਪਰਚੇ) ਰਾਹੀਂ, ਕੀਟਨਾਸ਼ਕਾਂ ਦੇ ਲੇਬਲ ਅਤੇ ਤੁਹਾਡੀ ਟਰੇਨਿੰਗ ਤੋਂ ਤੁਹਾਨੂੰ ਕੰਮ ਕਰਨ ਦੀ ਥਾਂ ਤੇ ਕੀਟਨਾਸ਼ਕ ਖ਼ਤਰਿਆਂ ਬਾਰੇ ਜਾਣਕਾਰੀ ਮਿਲਦੀ ਹੈ।** ਤੁਹਾਡੇ ਮਾਲਿਕ ਨੂੰ ਤੁਹਾਨੂੰ ਇਹ ਦੱਸਣਾ ਚਾਹੀਦਾ ਹੈ ਕਿ ਕੀਟਨਾਸ਼ਕਾਂ ਨੂੰ ਸੁਰੱਖਿਅਤ ਢੰਗ ਨਾਲ ਕਿਸ ਤਰ੍ਹਾਂ ਇਸਤੇਮਾਲ ਕਰਨਾ ਹੈ ਅਤੇ ਜਦੋਂ ਤੁਸੀਂ ਇਨ੍ਹਾਂ ਨੂੰ ਇਸਤੇਮਾਲ ਕਰੋ, ਤਾਂ ਆਪਣੀ ਸੁਰੱਖਿਆ ਕਿਸ ਤਰ੍ਹਾਂ ਕਰਨੀ ਹੈ। ਕੀਟਨਾਸ਼ਕ ਉਹ ਰਸਾਇਣ ਹਨ, ਜਿਨ੍ਹਾਂ ਦੀ ਵਰਤੋਂ ਕੀੜੇ ਮਾਰਨ, ਨਦੀਨ ਜਰਾਸੀਮ ਅਤੇ ਪੌਦਿਆਂ ਦੀਆਂ ਬੀਮਾਰੀਆਂ ਨੂੰ ਕੰਟਰੋਲ ਕਰਨ ਲਈ ਕੀਤੀ ਜਾਂਦੀ ਹੈ।

**ਮਾਲਿਕ:** ਕੀਟਨਾਸ਼ਕ ਹੈਂਡਲਰਾਂ ਲਈ ਇਹ ਖ਼ਤਰਿਆਂ ਬਾਰੇ ਸੂਚਨਾ ਦਾ ਲੀਫਲੈਟ ਹੈ। ਇਸ ਲੀਫ਼ਲੈਟ (ਪਰਚੇ) ਵਿੱਚ ਖਾਲੀ ਛੱਡੀ ਥਾਂ ਨੂੰ ਭਰੋ ਅਤੇ ਮੁਲਾਜ਼ਮਾਂ ਦੇ ਕੰਮ ਦੀ ਜਗਹ 'ਤੇ ਇਸ ਇਸ਼ਤਹਾਰ ਨੂੰ ਲਾ ਦਿਓ।

### ਐਮਰਜੈਂਸੀ ਮੈਡੀਕਲ ਦੇਖਭਾਲ

ਤੁਹਾਡੇ ਮਾਲਿਕ ਨੂੰ ਤੁਹਾਡਾ ਕੀਟਨਾਸ਼ਕਾਂ ਨਾਲ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਫੌਰੀ ਲੋੜ ਪੈਣ ਵੇਲੇ ਡਾਕਟਰੀ ਦੇਖਭਾਲ ਲਈ ਯੋਜਨਾਵਾਂ ਬਣਾਉਣੀਆਂ ਚਾਹੀਦੀਆਂ ਹਨ। ਜੇ ਤੁਸੀਂ ਸੋਚਦੇ ਹੋ, ਕਿ ਕੀਟਨਾਸ਼ਕਾਂ ਨਾਲ ਕੰਮ ਨਾਲ ਤੁਸੀਂ ਬੀਮਾਰ ਜਾਂ ਜਖ਼ਮੀ ਹੋਏ ਹੋ, ਤਾਂ ਆਪਣੇ ਮਾਲਿਕ ਨੂੰ ਦੱਸੋ। ਉਨ੍ਹਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਹਾਨੂੰ ਫੌਰਨ ਇਕ ਡਾਕਟਰ ਕੋਲ ਲਿਜਾਇਆ ਜਾਏ।
**ਆਪਣੇ ਆਪ ਕਦੀ ਨਾ ਜਾਓ।**

ਐਮਰਜੈਂਸੀ ਮੈਡੀਕਲ ਕੇਅਰ ਇੱਥੇ ਉਪਲਬਧ ਹੈ
(ਪਤਾ ਤੇ ਟੈਲੀਫੋਨ ਨੰਬਰ):

________________________________________

________________________________________

**ਯਾਦ ਰੱਖੋ:** ਜੇ ਤੁਸੀਂ ਕੰਮ ਤੇ ਕੀਟਨਾਸ਼ਕਾਂ ਨਾਲ ਜਖ਼ਮੀ ਜਾਂ ਬੀਮਾਰ ਹੋਏ ਹੋ, ਤਾਂ ਤੁਹਾਨੂੰ ਮੈਡੀਕਲ ਕੇਅਰ ਜਾਂ ਦੇਖਭਾਲ ਲਈ ਕੋਈ ਰਕਮ ਅਦਾ ਨਹੀਂ ਕਰਨੀ ਪਏਗੀ।

### ਜੇ ਤੁਸੀਂ ਸੋਚਦੇ ਹੋ

**ਕਿ ਕੰਮ 'ਤੇ ਕੀਟਨਾਸ਼ਕਾਂ ਨੇ ਤੁਹਾਨੂੰ ਜਖ਼ਮੀ ਜਾਂ ਬੀਮਾਰ ਕਰ ਦਿੱਤਾ ਹੈ, ਤਾਂ ਤੁਹਾਡੇ ਮਾਲਿਕ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਤੁਹਾਨੂੰ ਫੌਰਨ ਡਾਕਟਰ ਕੋਲ ਲੈ ਜਾਏ।**

### ਮੇਰੇ ਹੱਕ ਕੀ ਹਨ ?

**ਤੁਹਾਨੂੰ ਉਨ੍ਹਾਂ ਕੀਟਨਾਸ਼ਕਾਂ ਬਾਰੇ ਜਾਣਕਾਰੀ ਲੈਣ ਦਾ ਹੱਕ ਹੈ, ਜਿਨ੍ਹਾਂ ਦਾ ਤੁਸੀਂ ਹਾਲ ਵਿੱਚ ਹੀ ਕੰਮ ਕਰਨ ਲਗਿਆਂ ਇਸਤੇਮਾਲ ਕੀਤਾ ਹੈ:**

- ਕੀਟਨਾਸ਼ਕਾਂ ਦਾ ਇਸਤੇਮਾਲ ਕਦੋਂ ਅਤੇ ਕਿੱਥੇ ਕੀਤਾ ਗਿਆ ਸੀ
- ਸੀਮਿਤ ਦਾਖ਼ਲੇ ਦਾ ਇੰਟਰਵਲ (REI)
- ਕੀਟਨਾਸ਼ਕ ਦਾ ਨਾਂਅ ਅਤੇ ਉਸ ਦੇ ਸਰਗਰਮ ਤੱਤ
- ਈ ਪੀ ਏ (EPA) ਰਜਿਸਟਰੇਸ਼ਨ ਨੰਬਰ

ਜਦੋਂ ਤੁਸੀਂ ਟਰੇਨਿੰਗ ਲੈਂਦੇ ਹੋ, ਤੁਹਾਡੇ ਮਾਲਿਕ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਇਹ ਸਾਰੀ ਜਾਣਕਾਰੀ ਕਿੱਥੇ ਰੱਖੀ ਗਈ ਹੈ। ਤੁਹਾਡੇ ਮਾਲਿਕ ਨੂੰ ਇਹ ਇੰਤਜ਼ਾਮ ਕਰਨਾ ਚਾਹੀਦਾ ਹੈ, ਕਿ ਤੁਸੀਂ ਇਹ ਰਿਕਾਰਡ ਜਦੋਂ ਵੀ ਚਾਹੋ, ਬਿਨਾਂ ਪੁੱਛਣ ਤੋਂ ਵੇਖ ਸਕਦੇ ਹੋ।

**ਤੁਸੀਂ ਹਾਲ ਵਿੱਚ ਇਸਤੇਮਾਲ ਕੀਤੇ ਕੀਟਨਾਸ਼ਕ ਬਾਰੇ ਇੱਥੋਂ ਜਾਣਕਾਰੀ ਵੇਖ ਸਕਦੇ ਹੋ (ਮਾਲਕਾਂ ਲਈ ਇਹ ਐਪਲੀਕੇਸ਼ਨ-ਸਪੈਸਿਫ਼ਿਕ ਜਾਣਕਾਰੀ ਹੈ):**

ਸੁਰੱਖਿਆ ਗੁਰ

# 8

## ਮੈਂ ਇਹ ਕਿਸ ਤਰ੍ਹਾਂ ਦੱਸ ਸਕਦਾ ਹਾਂ ਕਿ ਕਿਹੜਾ ਕੀਟਨਾਸ਼ਕ ਜ਼ਿਆਦਾ ਖ਼ਤਰਨਾਕ ਹੈ ?

ਬਹੁਤੇ ਕੀਟਨਾਸ਼ਕਾਂ ਦੇ ਲੇਬਲ ਤੇ ਸਾਮ੍ਹਣੇ ਵਾਲੇ ਭਾਗ ਤੇ ਇਕ ਸੰਕੇਤਕ ਸ਼ਬਦ ("ਖ਼ਤਰਨਾਕ", "ਚੇਤਾਵਨੀ", "ਸਾਵਧਾਨੀ") ਹੁੰਦਾ ਹੈ। ਇਹ ਸ਼ਬਦ ਤੁਹਾਨੂੰ ਕੀਟਨਾਸ਼ਕ ਦੇ ਗੰਭੀਰ ਪ੍ਰਭਾਵ ਬਾਰੇ ਦੱਸਦਾ ਹੈ।

ਜੇ ਤੁਸੀਂ **ਆਪਣੇ ਕੰਮ ਕਾਰਨ** ਬੀਮਾਰ ਜਾਂ ਜ਼ਖ਼ਮੀ ਹੋ ਜਾਂਦੇ ਹੋ, ਤਾਂ ਤੁਹਾਨੂੰ ਵਰਕਰ ਦੇ ਮੁਆਵਜ਼ੇ ਲਈ ਅਰਜ਼ੀ ਦਾਇਰ ਕਰਨ ਦਾ ਹੱਕ ਹਾਸਲ ਹੈ। ਵਰਕਰ ਦੇ ਮੁਆਵਜ਼ੇ ਵਿੱਚ ਤੁਹਾਨੂੰ ਤੁਹਾਡੇ ਮੈਡੀਕਲ ਬਿਲਾਂ ਦੀ ਅਦਾਇਗੀ ਕੀਤੀ ਜਾਏਗੀ ਅਤੇ ਕਦੀ-ਕਦੀ ਬਿਨਾਂ ਕੰਮ ਕਰਨ ਵਾਲੇ ਦਿਨਾਂ ਦੀ ਤਨਖ਼ਾਹ ਵੀ ਦਿੱਤੀ ਜਾਏਗੀ।

ਤੁਹਾਨੂੰ ਸੁਰੱਖਿਆ ਡੈਟਾ ਸ਼ੀਟ [Safety Data Sheets (SDS)] ਅਤੇ ਜਿੱਥੇ ਤੁਸੀਂ ਕੰਮ ਕਰਦੇ ਹੋ, ਉਥੋਂ ਇਸਤੇਮਾਲ ਕੀਤੇ ਜਾਣ ਵਾਲੇ ਸਾਰੇ ਕੀਟਨਾਸ਼ਕਾਂ ਦੇ ਰਿਕਾਰਡ ਵੇਖਣ ਦਾ ਹੱਕ ਪ੍ਰਾਪਤ ਹੈ। SDS ਤੁਹਾਨੂੰ ਕੀਟਨਾਸ਼ਕ ਅਤੇ ਇਸ ਦੇ ਖ਼ਤਰਿਆਂ ਬਾਰੇ ਜਾਣਕਾਰੀ ਦੇਂਦਾ ਹੈ।

**ਇਹ ਰਿਕਾਰਡ ਹੇਠ ਦਿੱਤੀ ਗਈ ਥਾਂ ਤੇ ਰੱਖੇ ਜਾਂਦੇ ਹਨ:**

ਤੁਹਾਡੇ ਮਾਲਿਕ ਨੂੰ ਤੁਹਾਡੇ ਹੱਕ, ਤੁਹਾਨੂੰ ਸਪਸ਼ਟ ਕਰਨੇ ਚਾਹੀਦੇ ਹਨ। ਜੇ ਤੁਹਾਨੂੰ ਆਪਣੇ ਹੱਕ ਸਮਝਣ ਵਿੱਚ ਸਹਾਇਤਾ ਦੀ ਜ਼ਰੂਰਤ ਹੈ, ਤਾਂ ਤੁਸੀਂ ਆਪਣੇ ਸਥਾਨਕ ਕਾਉਂਟੀ ਖੇਤੀਬਾੜੀ ਕਮਿਸ਼ਨਰ ਦੇ ਦਫ਼ਤਰ, ਸਥਾਨਕ ਕਾਨੂੰਨੀ ਸਹਾਇਤਾ ਅਤੇ ਵਰਕਰ ਦੇ ਹੱਕਾਂ ਦੇ ਦਫ਼ਤਰ, ਯੂਨੀਅਨ ਜਾਂ ਕੀਟਨਾਸ਼ਕਾਂ ਦੇ ਨਿਯਮਾਂ ਬਾਰੇ ਵਿਭਾਗ [Department of Pesticide Regulation (DPR)] ਕੋਲ ਜਾਓ ਜਾਂ ਕਾਲ ਕਰੋ।

DPR ਦੇ ਖੇਤਰੀ ਦਫ਼ਤਰ ਹਨ:
- Anaheim (714) 279-7690
- Fresno (559) 297-3511
- West Sacramento (916) 376-8960



## ਮੈਂ ਕੰਮ ਤੇ ਖ਼ਤਰਿਆਂ ਬਾਰੇ ਕਿਸ ਨੂੰ ਦੱਸਣਾ ਹੈ ?

ਤੁਹਾਡੇ ਕੰਮ ਵਾਲੀ ਥਾਂ ਤੇ ਸਿਰਫ਼ ਇਕੋ ਕਿਸਮ ਦਾ ਖ਼ਤਰਾ ਕੀਟਨਾਸ਼ਕ ਦਾ ਹੈ। ਜੇ ਤੁਹਾਨੂੰ ਕੀਟਨਾਸ਼ਕ ਸੁਰੱਖਿਆ ਸਮੱਸਿਆ ਬਾਰੇ ਕੋਈ ਸ਼ਿਕਾਇਤ ਹੈ, ਤਾਂ ਤੁਹਾਨੂੰ ਕਾਉਂਟੀ ਖੇਤੀਬਾੜੀ ਕਮਿਸ਼ਨਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਕਮਿਸ਼ਨਰ ਦੇ ਦਫ਼ਤਰ ਦਾ ਨੰਬਰ ਸਥਾਨਕ ਫੋਨ ਡਾਇਰੈਕਟਰੀ ਦੇ ਸਰਕਾਰੀ ਪੰਨਿਆਂ ਵਿੱਚ ਵੇਖ ਸਕਦੇ ਹੋ ਜਾਂ DPR ਦੀ ਮੁਫ਼ਤ ਸ਼ਿਕਾਇਤ ਜਾਣਕਾਰੀ ਲਾਈਨ **1-87PestLine (1-877-378-5463)** ਤੇ ਕਾਲ ਕਰ ਸਕਦੇ ਹੋ। ਸਿਹਤ ਅਤੇ ਸੁਰੱਖਿਆ ਸੰਬੰਧੀ ਦੂਜੀਆਂ ਸ਼ਿਕਾਇਤਾਂ (ਗੁਸਲਖ਼ਾਨਿਆਂ, ਪੀਣ ਵਾਲੇ ਪਾਣੀ, ਜ਼ਿਆਦਾ ਗਰਮੀ, ਆਦਿ ਬਾਰੇ) ਸਨਅੱਤੀ ਸੰਬੰਧਾ ਦੇ ਕੈਲੀਫ਼ੋਰਨੀਆ ਵਿਭਾਗ [California Department of Industrial Relations] Cal/OSHA] ਦਫ਼ਤਰ ਕੋਲ ਦਰਜ ਕਰਾਉਣੀਆਂ ਚਾਹੀਦੀਆਂ ਹਨ।

## ਮੈਨੂੰ ਕਿਹੜੀ ਟਰੇਨਿੰਗ ਲੈਣੀ ਚਾਹੀਦੀ ਹੈ ?




**ਤੁਹਾਡਾ ਮਾਲਿਕ ਨੂੰ:**

- ਤੁਹਾਨੂੰ ਇਸ ਤਰੀਕੇ ਨਾਲ ਸਿੱਖਿਅਤ ਕਰਨਾ ਚਾਹੀਦਾ ਹੈ ਕਿ ਤੁਸੀਂ ਕੀਟਨਾਸ਼ਕ ਨਾਲ ਕੰਮ ਸ਼ੁਰੂ ਕਰਨ ਤੋਂ ਅਤੇ ਕਿਸੇ ਨਵੇਂ ਕੀਟਨਾਸ਼ਕ ਨਾਲ ਕੰਮ ਸ਼ੁਰੂ ਕਰਨ ਤੋਂ **ਪਹਿਲਾਂ** ਚੰਗੀ ਤਰ੍ਹਾਂ ਸਮਝ ਲਉ।
- ਤੁਹਾਨੂੰ ਇਹ ਯਾਦ ਕਰਾਉਣ ਲਈ ਵੀ ਹਰ ਸਾਲ ਟਰੇਨਿੰਗ ਦੇਣੀ ਚਾਹੀਦੀ ਹੈ ਕਿ ਤੁਸੀਂ ਕੀਟਨਾਸ਼ਕਾਂ ਨਾਲ ਸੁਰੱਖਿਅਤ ਤਰੀਕੇ ਨਾਲ ਕਿਸ ਤਰ੍ਹਾਂ ਕੰਮ ਕਰਨਾ ਹੈ।
- ਤੁਹਾਨੂੰ ਸਾਰੇ ਤਰੀਕੇ ਦੱਸ ਦਿੱਤੇ ਜਾਣੇ ਚਾਹੀਦੇ ਹਨ ਕਿ ਕੀਟਨਾਸ਼ਕ ਤੁਹਾਨੂੰ ਕਿਸ ਤਰ੍ਹਾਂ ਨੁਕਸਾਨ ਪਹੁੰਚਾ ਸਕਦੇ ਹਨ ਅਤੇ ਸੁਰੱਖਿਅਤ ਰਹਿਕੇ ਹਰ ਇਕ ਕੀਟਨਾਸ਼ਕ ਨਾਲ ਕੰਮ ਕਰ ਸਕਦੇ ਹੋ (ਟਰੇਨਿੰਗ ਬਾਰੇ ਹੋਰ ਜਾਣਕਾਰੀ ਲੈਣ ਲਈ ਆਪਣੇ ਮਾਲਿਕ ਨੂੰ A-1 ਸੁਰੱਖਿਆ ਲੀਫ਼ਲੈਟ (ਪਰਚੇ) ਲਈ ਕਹੋ)।
- ਜੇ ਤੁਸੀਂ ਇਕ ਰੈਸਪੀਰੇਟਰ ਵਰਤਣਾ ਹੈ ਤਾਂ ਇਸ ਲਈ ਤੁਹਾਨੂੰ ਵਾਧੂ ਟਰੇਨਿੰਗ ਦੇਵੇ (ਆਪਣੇ ਮਾਲਿਕ ਨੂੰ A-5 ਸੁਰੱਖਿਆ ਲੀਫ਼ਲੈਟ (ਪਰਚੇ) ਲਈ ਕਹੋ)।
- ਤੁਹਾਨੂੰ ਦੱਸਣਾ ਚਾਹੀਦਾ ਹੈ ਕਿ ਕੀਟਨਾਸ਼ਕਾਂ ਨੂੰ ਇਧਰ ਤੋਂ ਉਧਰ ਕਿਵੇਂ ਲਿਜਾਣਾ ਹੈ ਅਤੇ ਖਾਲੀ ਕੰਟੇਨਰਾਂ ਦਾ ਨਿਪਟਾਰਾ ਕਿਵੇਂ ਕਰਨਾ ਹੈ। ਇਨ੍ਹਾਂ ਲਈ ਵਿਸ਼ੇਸ਼ ਨਿਯਮ ਹਨ, ਜਿਨ੍ਹਾਂ ਨੂੰ ਤੁਹਾਡੇ ਮਾਲਿਕ ਨੂੰ ਦੱਸਣਾ ਚਾਹੀਦਾ ਹੈ. ਹੋਰ ਜਾਣਕਾਰੀ ਲਈ ਮਾਲਿਕ ਨੂੰ A-2 ਸੁਰੱਖਿਆ ਲੀਫ਼ਲੈਟ (ਪਰਚੇ) ਲਈ ਕਹੋ)।

**ਇਸ ਦਸਤਾਵੇਜ਼ ਵਿੱਚ ਜਿਨ੍ਹਾਂ ਹੋਰ ਸੁਰੱਖਿਆ ਲੀਫ਼ਲੈਟਾਂ (ਪਰਚਿਆਂ) ਦਾ ਜ਼ਿਕਰ ਹੈ, ਉਹ ਵੀ ਤੁਹਾਡੀ ਟਰੇਨਿੰਗ ਦਾ ਹਿੱਸਾ ਹੋਣੀਆਂ ਚਾਹੀਦੀਆਂ ਹਨ। ਉਹ ਤੁਹਾਡਾ ਮਾਲਿਕ ਕੋਲ ਜਾਂ ਕਾਉਂਟੀ ਦੇ ਖੇਤੀਬਾੜੀ ਬਾਰੇ ਕਮਿਸ਼ਨਰ ਦੇ ਦਫ਼ਤਰ ਤੋਂ ਉਪਲਬਧ ਕੀਤੀਆਂ ਜਾ ਸਕਦੀਆਂ ਹਨ, ਉਹ ਮੁਫ਼ਤ ਹਨ।**

ਤੁਹਾਡੀ ਟਰੇਨਿੰਗ ਬਾਰੇ ਸਾਰੀ ਜਾਣਕਾਰੀ ਲਿਖਤੀ ਰੂਪ ਵਿੱਚ ਹੋਣੀ ਚਾਹੀਦੀ ਹੈ। ਤੁਹਾਨੂੰ ਦਸਤਖ਼ਤ ਕਰਨ ਲਈ ਇਕ ਕਾਗਜ਼ ਦਿੱਤਾ ਜਾਏਗਾ ਕਿ ਤੁਹਾਨੂੰ ਟਰੇਨਿੰਗ ਦਿੱਤੀ ਗਈ ਹੈ ਜਿਸ ਤੇ ਟਰੇਨਿੰਗ ਖ਼ਤਮ ਹੋਣ ਅਤੇ ਜੋ ਕੁਝ ਤੁਸੀਂ ਸੁਣਿਆ ਹੈ, ਉਸ ਨੂੰ ਪੂਰੀ ਤਰ੍ਹਾਂ ਸਮਝ ਲੈਣ ਤੋ ਬਾਅਦ ਹੀ ਦਸਤਖ਼ਤ ਕਰੋ।

## ਇਕ ਕੀਟਨਾਸ਼ਕ ਦਾ ਲੇਬਲ ਮੈਨੂੰ ਕੀ ਦੱਸ ਸਕਦਾ ਹੈ ?

ਸਾਰੇ ਕੀਟਨਾਸ਼ਕ ਜ਼ਹਿਰੀਲੇ ਹੁੰਦੇ ਹਨ। ਜੇ ਕੋਈ ਕੀਟਨਾਸ਼ਕ ਤੁਹਾਡੇ ਤੇ ਪੈ ਜਾਏ ਜਾਂ ਤੁਹਾਡੇ ਅੰਦਰ ਚਲਾ ਜਾਏ ਤਾਂ ਇਹ ਤੁਹਾਨੂੰ ਜ਼ਖ਼ਮੀ ਜਾਂ ਬੀਮਾਰ ਕਰ ਸਕਦਾ ਹੈ। ਕੀਟਨਾਸ਼ਕ ਦਾ ਲੇਬਲ ਤੁਹਾਨੂੰ ਦੱਸਦਾ ਹੈ ਕਿ ਤੁਸੀਂ ਕੀਟਨਾਸ਼ਕਾਂ ਨੂੰ ਸੁਰੱਖਿਅਤ ਢੰਗ ਨਾਲ ਕਿਸ ਤਰ੍ਹਾਂ ਰਲਾਣਾ ਅਤੇ ਇਸਤੇਮਾਲ ਕਰਨਾ ਹੈ। **ਇਹ ਲੇਬਲ ਉਸ ਥਾਂ ਤੇ ਲੱਗਣਾ ਚਾਹੀਦਾ ਹੈ ਜਿੱਥੇ ਤੁਸੀਂ ਕੀਟਨਾਸ਼ਕ ਰਲਾਂਦੇ ਜਾਂ ਇਸਤੇਮਾਲ ਕਰਦੇ ਹੋ।** ਤੁਸੀਂ ਲੇਬਲ ਤੇ ਲਿਖੀਆਂ **ਸਾਰੀਆਂ** ਹਿਦਾਇਤਾਂ ਪੜ੍ਹੋ ਅਤੇ ਉਨ੍ਹਾਂ ਤੇ ਅਮਲ ਕਰੋ। ਉਤਪਾਦਾਂ ਬਾਰੇ ਹੋਰ ਬੁਲੇਟਿਨ ਜਾਂ ਲੇਬਲ ਬਾਰੇ ਹੋਰ ਜਾਣਕਾਰੀ ਵੀ ਆ ਸਕਦੀ ਹੈ, ਉਨ੍ਹਾਂ ਨੂੰ ਤੁਹਾਨੂੰ ਪੜ੍ਹਨਾ ਚਾਹੀਦਾ ਹੈ।




**ਲੇਬਲ ਤੇ ਦਿੱਤੀਆਂ ਗਈਆਂ ਕੁਝ ਬਹੁਤ ਹੀ ਅਹਿਮ ਚੀਜ਼ਾਂ ਹਨ:**

1. ਕੀਟਨਾਸ਼ਕਾਂ ਵਿੱਚ ਕਿਹੜੇ ਰਸਾਇਣ ਹਨ।
2. ਮੁੱਢਲੀ ਡਾਕਟਰੀ ਸਹਾਇਤਾ (ਫਸਟ ਏਡ) ਅਤੇ ਸਿਹਤ ਸੰਬੰਧੀ ਚੇਤਾਵਣੀਆਂ।
3. ਤੁਹਾਡੀ ਜ਼ਰੂਰਤ ਦੇ ਨਿੱਜੀ ਸੁਰੱਖਿਆ ਉਪਕਰਣ।
4. ਕੀਟਨਾਸ਼ਕ ਇਸਤੇਮਾਲ ਕਰਨ ਲਈ ਹਿਦਾਇਤਾਂ।

## ਮੈਂ ਇਹ ਕਿਸ ਤਰ੍ਹਾਂ ਦੱਸ ਸਕਦਾ ਹਾਂ ਕਿ ਕਿਹੜੇ ਕੀਟਨਾਸ਼ਕ ਜ਼ਿਆਦਾ ਖ਼ਤਰਨਾਕ ਹਨ ?

ਬਹੁਤੇ ਕੀਟਨਾਸ਼ਕ ਦੇ ਲੇਬਲ ਤੇ ਸਾਹਮਣੇ ਪਾਸੇ ਇਕ ਸੰਕੇਤਕ ਸ਼ਬਦ ਵੱਡੇ ਅੱਖਰਾਂ ਵਿੱਚ ਲਿਖਿਆ ਹੁੰਦਾ ਹੈ। ਇਹ ਸੰਕੇਤਕ ਸ਼ਬਦ ਤੁਹਾਨੂੰ ਕੀਟਨਾਸ਼ਕ ਦੇ ਸਿਹਤ ਤੇ ਗੰਭੀਰ ਅਸਰ ਬਾਰੇ ਜਾਣਕਾਰੀ ਦੇਂਦਾ ਹੈ। ਜੋ ਇਕ ਕੀਟਨਾਸ਼ਕ ਤੁਹਾਨੂੰ ਫ਼ੌਰਨ ਜ਼ਖ਼ਮੀ ਜਾਂ ਬੀਮਾਰ ਕਰਦਾ ਹੈ ਉਸਨੂੰ ਸਿਹਤ ਤੇ ਗੰਭੀਰ ਅਸਰ ਕਿਹਾ ਜਾਂਦਾ ਹੈ। ਜੇ ਤੁਹਾਡੇ ਬੀਮਾਰ ਹੋਣ ਵਿੱਚ ਮਹੀਨੇ ਜਾਂ ਕੀਟਨਾਸ਼ਕ ਦਾ ਐਕਸਪੋਜ਼ਰ ਹੋਣ ਵਿੱਚ ਮਹੀਨੇ ਜਾਂ ਸਾਲ ਲਗ ਜਾਂਦੇ ਹਨ ਤਾਂ ਉਸ ਨੂੰ ਚਿਰਕਾਲੀ ਅਸਰ ਜਾਂ ਪ੍ਰਭਾਵ ਕਿਹਾ ਜਾਂਦਾ ਹੈ।

ਇਹ ਉਹ ਸ਼ਬਦ ਹਨ, ਜੋ ਗੰਭੀਰ ਪ੍ਰਭਾਵਾਂ ਬਾਰੇ ਦੱਸਦੇ ਹਨ:

- **"ਖ਼ਤਰਨਾਕ"**—ਇਸਦਾ ਮਤਲਬ ਹੈ ਕਿ ਕੀਟਨਾਸ਼ਕ ਬਹੁਤ ਜ਼ਿਆਦਾ ਹਾਨੀਕਾਰਕ ਹੈ।
- **"ਚੇਤਾਵਨੀ"**—ਇਸਦਾ ਮਤਲਬ ਹੈ ਕਿ ਕੀਟਨਾਸ਼ਕ ਦਰਮਿਆਨੇ ਦਰਜੇ ਦਾ ਹਾਨੀਕਾਰਕ ਹੈ।
- **"ਸਾਵਧਾਨੀ"**—ਇਸਦਾ ਮਤਲਬ ਹੈ ਕਿ ਕੀਟਨਾਸ਼ਕ ਥੋੜ੍ਹਾ ਹਾਨੀਕਾਰਕ ਹੈ।

ਜੇ ਲੇਬਲ ਤੇ ਇਨ੍ਹਾਂ ਸ਼ਬਦਾਂ ਵਿੱਚੋਂ ਕੋਈ ਸ਼ਬਦ ਵੀ ਨਹੀਂ ਤਾਂ ਇਸ ਦਾ ਮਤਲਬ ਹੈ ਕਿ ਕੀਟਨਾਸ਼ਕ ਸ਼ਾਇਦ ਤੁਹਾਨੂੰ ਨੁਕਸਾਨ ਨਾ ਕਰੇ **ਫਿਰ ਵੀ ਇਸਨੂੰ ਹਮੇਸ਼ਾ ਧਿਆਨ ਅਤੇ ਸਾਵਧਾਨੀ ਨਾਲ ਇਸਤੇਮਾਲ ਕਰੋ।**

## ਲੇਬਲ ਮੈਨੂੰ ਹੋਰ ਕੀ ਦੱਸਦਾ ਹੈ ?

- ਜੇ ਕੀਟਨਾਸ਼ਕ ਤੁਹਾਡੀਆਂ ਅੱਖਾਂ ਜਾਂ ਚਮੜੀ ਨੂੰ ਗੰਭੀਰ ਨੁਕਸਾਨ ਪੁਚਾ ਸਕਦਾ ਹੈ ਤਾਂ ਲੇਬਲ ਤੇ "ਖੋਰਨਸ਼ੀਲ (Corrosive) ਅੱਖਾਂ ਅਤੇ ਚਮੜੀ ਨੂੰ ਨੁਕਸਾਨ" ਵਰਗੀ ਕੋਈ ਚੀਜ਼ ਦੱਸੇਗਾ।
- ਜੇ ਕੀਟਨਾਸ਼ਕ ਤੁਹਾਨੂੰ ਬਹੁਤ ਬੀਮਾਰ ਕਰ ਸਕਦਾ ਹੈ ਤਾਂ ਲੇਬਲ ਤੇ ਖੋਪੜੀ ਅਤੇ ਹੱਡੀਆਂ ਦੇ ਕਰਾਸ ਦਾ ਨਿਸ਼ਾਨ ਅਤੇ ਸ਼ਬਦ **"ਜ਼ਹਿਰ"** ਹੋਏਗਾ।
- **"ਘਾਤਕ"** ਵਰਗੇ ਸ਼ਬਦ ਜਾਂ **"ਆਪਣੇ ਅੰਦਰ ਲੰਘਾ ਲੈਣ, ਸਾਹ ਰਾਹੀਂ ਅੰਦਰ ਜਾਣ ਜਾਂ ਚਮੜੀ ਰਾਹੀਂ ਸਰੀਰ ਵਿੱਚ ਚਲਾ ਜਾਏ ਤਾਂ ਘਾਤਕ ਹੋ ਸਕਦਾ ਹੈ"** ਦਾ ਮਤਲਬ ਹੈ ਕਿ ਕੀਟਨਾਸ਼ਕ ਤੁਹਾਨੂੰ ਬਹੁਤ ਬੀਮਾਰ ਕਰ ਸਕਦਾ ਹੈ ਤੇ ਮੌਤ ਵੀ ਹੋ ਸਕਦੀ ਹੈ।
- ਕੁਝ ਕੀਟਨਾਸ਼ਕਾਂ ਦੇ ਲੇਬਲ ਤੁਹਾਨੂੰ ਸਿਹਤ ਦੀਆਂ ਹੋਰ ਸਮੱਸਿਆਵਾਂ ਬਾਰੇ ਵੀ ਜਾਣਕਾਰੀ ਦੇਂਦੇ ਹਨ, ਜੋ ਵਰਤਣ ਦੇ ਬਹੁਤ ਦੇਰ ਬਾਅਦ (ਸਾਲ ਵੀ ਲਗ ਸਕਦੇ ਹਨ) ਤਕ ਸਾਹਮਣੇ ਨਹੀਂ ਆਉਂਦੀਆਂ, ਜਿਵੇਂ ਕਿ ਕੈਂਸਰ ਜਾਂ ਅੰਣਜੰਮੇ ਬੱਚਿਆਂ ਨੂੰ ਖ਼ਤਰਾ।



## ਕੀ ਅਤਿ ਦੇ ਖ਼ਤਰਨਾਕ ਕੀਟਨਾਸ਼ਕਾਂ ਲਈ ਕੋਈ ਹੋਰ ਵਾਧੂ ਨਿਯਮ ਵੀ ਹਨ ?

ਹਾਂ, ਕੀਟਨਾਸ਼ਕਾਂ ਦੇ ਦੋ ਗਰੁੱਪ ਹਨ, ਜਿਨ੍ਹਾਂ ਬਾਰੇ ਕੈਲੀਫ਼ੋਰਨੀਆ ਦੇ ਹੋਰ ਵਾਧੂ ਨਿਯਮ ਹਨ, ਕਿਉਂਕਿ ਉਹ ਤੁਹਾਡੇ ਲਈ ਵਿਸ਼ੇਸ਼ ਤੌਰ ਤੇ ਖ਼ਤਰਨਾਕ ਹੋ ਸਕਦੇ ਹਨ।

**ਪਹਿਲਾ ਗਰੁੱਪ ਆਰਗੈਨੋਫਾਸਫੇਟ ਜਾਂ ਕਾਰਬਾਮੇਟ ਕੀਟਨਾਸ਼ਕਾਂ ਦਾ ਹੈ।**

ਜੇ ਤੁਸੀਂ ਆਰਗੈਨੋਫਾਸਫੇਟ ਜਾਂ ਕਾਰਬਾਮੇਟ ਕਿਸਮ ਦੇ ਕੀਟਨਾਸ਼ਕਾਂ ਨੂੰ ਰਲਾਉਂਦੇ, ਲੱਦਦੇ ਜਾਂ ਇਸਤੇਮਾਲ ਕਰਦੇ ਹੋ, ਤਾਂ ਤੁਹਾਨੂੰ ਸ਼ਾਇਦ ਕੈਲੀਫ਼ੋਰਨੀਆਂ ਦੇ ਨਿਯਮਾਂ ਅਨੁਸਾਰ ਵਿਸ਼ੇਸ਼ ਮੈਡੀਕਲ ਦੇਖਭਾਲ ਦੀ ਜ਼ਰੂਰਤ ਹੋ ਸਕਦੀ ਹੈ। ਇਨ੍ਹਾਂ ਕੀਟਨਾਸ਼ਕਾਂ ਤੇ ਹੋਰ ਜਾਣਕਾਰੀ ਲਈ ਆਪਣੇ ਮਾਲਿਕ ਨੂੰ A-10 ਸੁਰੱਖਿਆ ਲੀਫਲੈਟ (ਪਰਚੇ) ਲਈ ਕਹੋ।

ਆਰਗੈਨੋਫਾਸਫੇਟਸ ਅਤੇ ਕਾਰਬਾਮੇਟਸ ਕੀਟਨਾਸ਼ਕਾਂ ਲਈ ਵਧੇਰੇ ਮੈਡੀਕਲ ਦੇਖਭਾਲ ਉਪਲਬਧ ਕਰ ਰਿਹਾ ਡਾਕਟਰ ਹੈ:

ਨਾਂਅ ______________________

ਪਤਾ ______________________

ਟੈਲੀਫ਼ੋਨ ਨੰਬਰ ______________________

**ਇਨ੍ਹਾਂ ਕੀਟਨਾਸ਼ਕਾਂ ਨੂੰ ਇਸਤੇਮਾਲ ਕਰਨ ਵਾਲੇ ਹੈਂਡਲਰਾਂ ਦੇ ਮੈਡੀਕਲ ਰਿਕਾਰਡ ਇੱਥੇ ਰੱਖੇ ਹਨ:**

______________________

______________________

**ਦੂਜੇ ਗਰੁੱਪ ਨੂੰ ਘੱਟੋ ਘੱਟ ਐਕਸਪੋਜ਼ਰ ਵਾਲੇ ਕੀਟਨਾਸ਼ਕ (minimal exposure pesticides (MEP)) ਕਿਹਾ ਜਾਂਦਾ ਹੈ।**

MEP ਸੂਚੀ ਵਿੱਚ ਵਿੱਚ ਇਹ ਖੇਤੀਬਾੜੀ ਲਈ ਕੀਟਨਾਸ਼ਕ ਹਨ:

- **ਓਮਾਈਟ, ਕੋਮਾਈਟ**
- **ਬਕਟਰਿੱਲ**
- **ਮੈਟਾਸਿਸਟੌਕਸ-ਆਰ**

ਜੇ ਤੁਸੀਂ ਇਨ੍ਹਾਂ ਕੀਟਨਾਸ਼ਕਾਂ ਨਾਲ ਕੰਮ ਕਰਨਾ ਹੈ, ਤਾਂ ਸੁਰੱਖਿਆ ਨਿਯਮਾਂ ਬਾਰੇ ਹੋਰ ਜਾਣਕਾਰੀ ਲਈ A-6 ਸੁਰੱਖਿਆ ਲੀਫ਼ਲੈਟ (ਪਰਚੇ) ਵੇਖੋ।

## ਉਨ੍ਹਾਂ ਰਿਕਾਰਡਾਂ ਦਾ ਸੰਖੇਪ ਜੋ ਤੁਹਾਡੇ ਮਾਲਿਕ ਨੂੰ ਰੱਖਣੇ ਚਾਹੀਦੇ ਹਨ

| ਜਾਣਕਾਰੀ | ਲੋਕੇਸ਼ਨ |
|---|---|
| ਟਰੇਨਿੰਗ ਕਾਗਜ਼ | ਮਾਲਿਕ ਦਫ਼ਤਰ ਦੀ ਥਾਂ |
| ਲਿਖਤੀ ਸਿਖਲਾਈ ਪ੍ਰੋਗਰਾਮ | ਮਾਲਿਕ ਦੇ ਦਫ਼ਤਰ ਦੀ ਥਾਂ |
| ਰੈਸਪੀਰੇਟਰ ਪ੍ਰੋਗਰਾਮ ਸੰਬੰਧੀ ਅਮਲ | ਮਾਲਿਕ ਦੇ ਦਫ਼ਤਰ ਦੀ ਥਾਂ |
| ਹਾਦਸਾ ਪ੍ਰਤੀਕਰਮ ਯੋਜਨਾ (fumigants) | ਕੰਮ ਕਰਨ ਵਾਲੀ ਥਾਂ |
| ਕੀਟਨਾਸ਼ਕ ਲੇਬਲ | ਕੰਮ ਕਰਨ ਵਾਲੀ ਥਾਂ |
| ਕੀਟਨਾਸ਼ਕ ਤੋਂ ਸੁਰੱਖਿਆ ਜਾਣਕਾਰੀ ਸੀਰੀਜ਼ | ਮਾਲਿਕ ਦੇ ਦਫ਼ਤਰ ਦੀ ਥਾਂ |
| ਸੁਰੱਖਿਆ ਡੈਟਾ ਸ਼ੀਟ | ਮਾਲਿਕ ਦੇ ਦਫ਼ਤਰ ਦੀ ਥਾਂ |
| ਸਟੋਰ ਵਾਲੀ ਥਾਂ ਸੰਬੰਧੀ ਪੋਸਟਿੰਗ[1] | ਸਟੋਰੇਜ ਦੀ ਥਾਂ |
| ਐਮਰਜੈਂਸੀ ਮੈਡੀਕਲ ਦੇਖਭਾਲ ਨੋਟਿਸ | ਕੰਮ ਕਰਨ ਵਾਲੀ ਥਾਂ |
| ਰੈਸਪੀਰੇਟਰ ਦੇ ਇਸਤੇਮਾਲ ਲਈ ਡਾਕਟਰ ਦੀ ਰਿਪੋਰਟ | ਮਾਲਿਕ ਦੇ ਦਫ਼ਤਰ ਦੀ ਥਾਂ |
| ਕੀਟਨਾਸ਼ਕਾਂ ਦੇ ਇਸਤੇਮਾਲ ਦੇ ਰਿਕਾਰਡ | ਮਾਲਿਕ ਦੇ ਦਫ਼ਤਰ ਦੀ ਥਾਂ |

1 ਸਿਰਫ "ਖ਼ਤਰਾ" ਜਾਂ "ਚੇਤਾਵਨੀ" ਵਾਲੇ ਸੰਕੇਤਕ ਸ਼ਬਦਾਂ ਵਾਲੇ ਕੀਟਨਾਸ਼ਕਾਂ ਲਈ ਜ਼ਰੂਰੀ ਹਨ।

## ਮਤਾ 65

1986 ਵਿੱਚ, ਪੀਣ ਵਾਲੇ ਸੁਰੱਖਿਅਤ ਪਾਣੀ ਅਤੇ ਜ਼ਹਿਰੀਲੇ ਪਦਾਰਥਾਂ ਬਾਰੇ ਐਨਫੋਰਸਮੈਂਟ ਐਕਟ (ਮਤਾ 65) (Safe Drinking Water and Toxic Enforcement Act of 1986 (Proposition 65)) ਨਾਂਅ ਦਾ ਕਾਨੂੰਨ ਪਾਸ ਕੀਤਾ ਗਿਆ। ਮਤਾ 65 ਹੇਠ ਕੈਲੀਫ਼ੋਰਨੀਆ ਵੱਲੋਂ ਉਨ੍ਹਾਂ ਰਸਾਇਣਾਂ ਦੀ ਸੂਚੀ ਬਣਾਈ ਗਈ ਜਿਨ੍ਹਾਂ ਨਾਲ ਕੈਂਸਰ, ਜਨਮ ਵਿਕਾਰ ਜੋ ਹੋਰ ਪ੍ਰਜਨਕ ਨੁਕਸਾਨ ਹੁੰਦੇ ਹਨ। ਮਤਾ 65 ਸੂਚੀ ਵਿੱਚ, ਰੰਗ ਦੇ ਰਸਾਇਣ, ਘੋਲਕ, ਕੀਟਨਾਸ਼ਕ, ਦਵਾਈਆਂ ਅਤੇ ਭੋਜਨ 'ਚ ਮਿਲਾਏ ਜਾਣ ਵਾਲੇ ਉਤਪਾਦਾਂ ਸਮੇਤ ਕਈ ਵੱਖ ਵੱਖ ਰਸਾਇਣ ਹਨ। ਮਤਾ 65 ਦੀ ਸੂਚੀ ਤੇ ਦਿੱਤੇ ਗਏ ਕਿਸੀ ਕੀਟਨਾਸ਼ਕ ਦਾ ਛਿੜਕਾਅ ਕੀਤੇ ਜਾਣ ਤੇ ਤੁਹਾਡਾ ਮਾਲਿਕ ਤੁਹਾਨੂੰ ਚੇਤਾਵਨੀ ਦੇਣ ਦੀ ਚੋਣ ਵੀ ਕਰ ਸਕਦਾ ਹੈ, ਭਾਵੇਂ ਸਿਹਤ ਨੂੰ ਕੋਈ ਖ਼ਤਰਾ ਹੋਣ ਦੀ ਸੰਭਾਵਨਾ ਨਹੀਂ। ਤੁਹਾਡੇ ਮਾਲਿਕ ਵੱਲੋਂ ਹਰ ਇਕ ਕੀਟਨਾਸ਼ਕ ਬਾਰੇ ਜਾਣਕਾਰੀ ਰੱਖੇ ਜਾਣ ਦੀ ਲੋੜ ਹੈ ਅਤੇ ਤੁਹਾਨੂੰ ਇਸ ਦੇ ਵੇਖਣ ਦੀ ਆਗਿਆ ਦੇਵੇ। ਜੇ ਤੁਹਾਨੂੰ ਰਿਕਾਰਡ ਦੀ ਥਾਂ ਦਾ ਪੱਕਾ ਪਤਾ ਨਹੀਂ, ਤਾਂ ਮਾਲਿਕ ਨੂੰ ਪੁੱਛੋ।

ਮਤਾ 65 ਦੀ ਸੂਚੀ ਤੇ ਜੋ ਕੀਟਨਾਸ਼ਕ ਹਨ ਅਤੇ ਜੋ ਕੈਲੀਫ਼ੋਰਨੀਆ ਵਿੱਚ ਵਰਤੇ ਜਾਂਦੇ ਹਨ, ਉਨ੍ਹਾਂ ਦੀ ਸੂਚੀ ਨੂੰ ਤੁਸੀਂ **http://www.cdpr.ca.gov/docs/dept/factshts/prop65.htm.** 'ਤੇ ਵੇਖ ਸਕਦੇ ਹੋ।

ਮਤਾ 65 (*Proposition* 65) ਦੀ ਸੂਚੀ ਵਿੱਚ ਉਹ ਰਸਾਇਣ ਸ਼ਾਮਿਲ ਹਨ, ਜਿਨ੍ਹਾਂ ਬਾਰੇ ਸਟੇਟ ਨੂੰ ਜਾਣਕਾਰੀ ਹੈ ਕਿ ਉਨ੍ਹਾਂ ਨਾਲ ਕੈਂਸਰ ਜਾਂ ਪ੍ਰਜਨਨ ਸੰਬੰਧੀ ਜ਼ਹਿਰ ਫੈਲ ਸਕਦਾ ਹੈ **ਡਾਊਨਲੋਡ ਕਰੋ**:
**http://www.cdpr.ca.gov/docs/dept/factshts/prop65.htm**



*ਜੇ ਤੁਹਾਨੂੰ ਉਹ ਸਾਰੀ ਜਾਣਕਾਰੀ ਜੋ ਤੁਹਾਨੂੰ ਟਰੇਨਿੰਗ ਵਿੱਚ ਚਾਹੀਦੀ ਹੈ, ਨਹੀਂ ਮਿਲਦੀ ਤਾਂ ਤੁਹਾਨੂੰ ਕਾਉਂਟੀ ਦੇ ਖੇਤੀਬਾੜੀ ਕਮਿਸ਼ਨਰ ਜਾਂ ਕੀਟਨਾਸ਼ਕਾਂ ਦੇ ਨਿਯਮਾਂ ਬਾਰੇ ਵਿਭਾਗ (DPR) ਨੂੰ ਫੋਨ ਕਰਨਾ ਚਾਹੀਦਾ ਹੈ। ਤੁਸੀਂ ਕਮਿਸ਼ਨਰ ਦਾ ਨੰਬਰ ਆਪਣੀ ਚਿੱਟੇ ਪੰਨਿਆ ਵਾਲੀ ਸਥਾਨਕ ਡਾਇਰੈਕਟਰੀ 1-87PestLine ਤੋਂ ਲੈ ਸਕਦੇ ਹੋ ਜਾਂ*

**http://www.cdfa.ca.gov/exec/county/countymap/**

**DPR ਦੇ ਖੇਤਰੀ ਦਫ਼ਤਰ ਹਨ:**

- ਨਾਰਦਰਨ (ਵੈਸਟ ਸੈਕਰਾਮੈਂਟੋ) 916/376-8960
- ਸੈਂਟਰਲ (ਫ੍ਰੈਸਨੋ) 559/297-3511
- ਸਦਰਨ (ਐਨਾਹਾਈਮ) 714/279-7690

**ਕੀਟਨਾਸ਼ਕ ਬਾਰੇ ਸ਼ਿਕਾਇਤ ?**

**1-87PestLine**

**ਜਾਣਕਾਰੀ ਲਾਈਨ**

**1-877-378-5463**

# ਸੁਰੱਖਿਆ ਗੁਰ (ਨੁਸਖ਼ੇ)

## ਆਪਣੀ ਚਮੜੀ (ਤਵੱਚਾ) ਨੂੰ ਕਿਵੇਂ ਸੁਰੱਖਿਅਤ ਕਰੀਏ



- ਲੰਮੀਆਂ ਬਾਹਾਂ ਵਾਲੇ ਕੱਪੜੇ ਅਤੇ ਲੰਮੀਆਂ ਪੈਂਟਾਂ, ਸ਼ੂਜ਼ ਜਾਂ ਬੂਟ, ਜੁਰਾਬਾਂ, ਹੈਟ ਅਤੇ/ਜਾਂ ਸਕਾਰਫ਼ ਅਤੇ ਦਸਤਾਨੇ ਪਾਉ
- ਯਕੀਨੀ ਬਣਾਉ ਕਿ ਉਹ ਸਾਫ਼ ਹੋਣ ਅਤੇ ਉਨ੍ਹਾਂ ਵਿੱਚ ਕੋਈ ਸੁਰਾਖ਼ ਨਾ ਹੋਵੇ




- ਖਾਣ, ਪੀਣ, ਸਿਗਰੇਟ ਪੀਣ, ਚਿਉਗਮ ਖਾਣ ਜਾਂ ਬਾਥਰੂਮ ਜਾਣ ਤੋਂ ਪਹਿਲਾਂ ਹਮੇਸ਼ਾਂ ਹੱਥ ਧੋਵੋ
- ਖੇਤ ਵਿੱਚੋਂ ਲੱਭੀ ਲਕੜੀ ਤੇ ਕਦੀ ਭੋਜਨ ਨਾ ਪਕਾਉ



- ਕੀਟਨਾਸ਼ਕ ਤੁਹਾਡੇ ਕੱਪੜਿਆਂ ਤੇ ਪੈ ਜਾਂਦਾ ਹੈ ਅਤੇ ਫਿਰ ਤੁਹਾਡੀ ਚਮੜੀ ਤੇ ਚਲਾ ਜਾਂਦਾ ਹੈ
- ਕੰਮ ਦੇ ਕੱਪੜਿਆਂ ਨੂੰ ਮੁੜ ਪਾਣ ਤੋਂ ਪਹਿਲਾਂ ਧੋਵੋ
- ਕੰਮ ਵਾਲੇ ਕਪੜਿਆਂ ਨੂੰ ਦੂਜੇ ਕਪੜਿਆਂ ਤੋਂ ਵੱਖਰਾ ਕਰਕੇ ਧੋਵੋ



- ਕੰਮ ਤੋਂ ਵਾਪਸ ਆਉਂਦਿਆਂ ਸਾਰ ਜਿੰਨੀ ਜਲਦੀ ਹੋ ਸਕੇ ਨਹਾਉ ਜਾਂ ਸ਼ਾਵਰ ਲਉ
- ਸਾਬਣ ਅਤੇ ਪਾਣੀ ਨਾਲ ਨਹਾਉ ਅਤੇ ਵਾਲਾਂ ਨੂੰ ਸ਼ੈਂਪੂ ਨਾਲ ਸਾਫ਼ ਕਰੋ
- ਸਾਫ਼ ਕਪੜੇ ਪਹਿਨੋ

## ਬੀਮਾਰੀ ਜਾਂ ਜ਼ਖ਼ਮੀ ਹੋਣ ਦੀ ਹਾਲਤ ਵਿੱਚ ਕੀ ਕਰਨਾ ਚਾਹੀਦਾ ਹੈ



- ਜਦੋਂ ਤੁਸੀਂ ਕੀਟਨਾਸ਼ਕ ਦਾ ਛਿੜਕਾਅ ਕੀਤੇ ਪੌਦਿਆਂ ਨੂੰ, ਧਰਤੀ ਨੂੰ ਅਤੇ ਸਿੰਜਾਈ ਵਾਲੀ ਪਾਣੀ ਨੂੰ ਜਾਂ ਕੀਟਨਾਸ਼ਕ ਛੂੰਹਦੇ ਹੋ, ਤਾਂ ਕੀਟਨਾਸ਼ਕ ਤੁਹਾਡੀ ਚਮੜੀ ਅਤੇ ਕੱਪੜਿਆਂ ਤੇ ਚਲੇ ਜਾਂਦੇ ਹਨ
- ਉਹ ਤੁਹਾਡੇ ਕੱਪੜਿਆਂ ਤੋਂ ਤੁਹਾਡੀ ਚਮੜੀ ਤੇ ਚਲੇ ਜਾਂਦੇ ਹਨ
- ਕਈ ਕੀਟਨਾਸ਼ਕ ਤੁਹਾਡੀ ਚਮੜੀ ਅੰਦਰ ਆਸਾਨੀ ਨਾਲ ਜਾਕੇ ਤੁਹਾਨੂੰ ਬੀਮਾਰ ਕਰ ਸਕਦੇ ਹਨ
- ਜੇ ਕੰਮ ਤੇ ਤੁਸੀਂ ਬੀਮਾਰ ਜਾਂ ਜ਼ਖ਼ਮੀ ਹੋਏ ਹੋ ਤਾਂ ਆਪਣੇ ਮਾਲਿਕ ਨੂੰ ਦੱਸੋ
- ਜੇ ਬੀਮਾਰੀ ਜਾਂ ਜ਼ਖ਼ਮ ਕੰਮ ਸੰਬੰਧੀ ਹਨ, ਤਾਂ ਤੁਹਾਡਾ ਮਾਲਿਕ ਤੁਹਾਡੀ ਬੀਮਾਰੀ ਦੀ ਡਾਕਟਰੀ ਦੇਖਭਾਲ ਲਈ ਸਾਰਾ ਖ਼ਰਚਾ ਦੇਵੇਗਾ
- ਜੇ ਤੁਹਾਡੀ ਸਥਿੱਤੀ ਕੰਮ ਨਾਲ ਸੰਬੰਧਿਤ ਹੈ, ਤਾਂ ਜਿੰਨੇ ਦਿਨ ਬੀਮਾਰ ਜਾਂ ਜ਼ਖ਼ਮਾਂ ਕਾਰਣ ਕੰਮ ਨਹੀਂ ਕਰ ਸਕਦੇ ਤੁਹਾਡਾ ਮਾਲਿਕ ਤੁਹਾਨੂੰ ਉਨ੍ਹਾਂ ਦਿਨਾਂ ਦੀ ਤਨਖ਼ਾਹ ਦੇ ਸਕਦਾ ਹੈ

ਜੇ ਤੁਸੀਂ ਜ਼ਖ਼ਮੀ ਜਾਂ ਬੀਮਾਰ ਹੋਏ ਹੋ, ਤਾਂ ਕਿਸੇ ਹੋਰ ਨੂੰ ਕਹੋ ਕਿ ਉਹ ਤੁਹਾਨੂੰ ਡਰਾਈਵ ਕਰਕੇ ਡਾਕਟਰ ਕੋਲ ਲੈ ਜਾਏ।

## ਫਸਟ ਏਡ (ਮੁਢਲੀ ਡਾਕਟਰੀ ਸਹਾਇਤਾ)



- ਜੇ ਤੁਹਾਡੇ ਕੱਪੜਿਆਂ ਤੇ ਕੀਟਨਾਸ਼ਕ ਡੁੱਲ੍ਹ ਗਿਆ ਹੈ ਜਾਂ ਛਿੜਕਿਆ ਗਿਆ ਹੈ, ਤਾਂ ਫੌਰਨ ਸਭ ਤੋਂ ਨੇੜੇ ਉਪਲਬਧ ਪਾਣੀ ਨਾਲ ਆਪਣੇ ਆਪ ਨੂੰ ਧੋਵੋ
- ਕੱਪੜੇ ਬਦਲ ਕੇ ਸਾਫ਼ ਕੱਪੜੇ ਪਾਉ
- ਸਾਫ਼ ਕਰਨ ਬਾਅਦ ਆਪਣੇ ਮਾਲਿਕ ਨੂੰ ਕੀਟਨਾਸ਼ਕ ਡੁੱਲ੍ਹਣ ਬਾਰੇ ਦੱਸੋ




- ਜੇ ਤੁਹਾਡੀਆਂ ਅੱਖਾਂ ਜਾਂ ਚਮੜੀ ਤੇ ਜਲਣ ਹੋ ਰਹੀ ਹੋਵੇ ਤਾਂ ਉਨ੍ਹਾਂ ਨੂੰ ਧੋਵੋ
- ਬਹੁਤ ਸਾਰਾ ਪਾਣੀ ਵਰਤੋ
- ਆਪਣੇ ਮਾਲਿਕ ਨੂੰ ਕਹੋ ਕਿ ਤੁਸੀਂ ਇਕ ਡਾਕਟਰ ਕੋਲ ਜਾਣਾ ਹੈ



- ਜੇ ਤੁਸੀਂ ਕੰਮ ਤੇ ਬੀਮਾਰ ਮਹਿਸੂਸ ਕਰਦੇ ਹੋ (ਸਿਰਦਰਦ, ਪੇਟ ਦਰਦ, ਉਲਟੀ ਆਤੇ ਚੱਕਰ ਆਉਣੇ) ਆਪਣੇ ਮਾਲਿਕ ਨੂੰ ਦੱਸੋ
- ਉਹ ਯਕੀਨੀ ਬਣਾਏਗਾ ਕਿ ਤੁਹਾਨੂੰ ਡਾਕਟਰ ਕੋਲ ਲਿਜਾਇਆ ਜਾਵੇ
- ਜੇ ਤੁਸੀਂ ਬੀਮਾਰ ਜਾਂ ਜ਼ਖ਼ਮੀ ਹੋ ਤਾਂ ਕਿਸੇ ਹੋਰ ਨੂੰ ਕਹੋ ਕਿ ਉਹ ਡਰਾਈਵ ਕਰਕੇ ਤੁਹਾਨੂੰ ਡਾਕਟਰ ਕੋਲ ਲੈ ਜਾਏ

## ਹਮੇਸ਼ਾ ਯਾਦ ਰੱਖੋ



- ਕੀਟਨਾਸ਼ਕਾਂ ਨੂੰ ਖ਼ੁਰਾਕ ਵਾਲੇ ਕੰਟੇਨਰਾਂ ਵਿੱਚ ਕਦੀ ਨਾ ਪਾਉ
- ਫਾਰਮ ਦੇ ਕੀਟਨਾਸ਼ਕਾਂ ਜਾਂ ਕੰਟੇਨਰਾਂ ਨੂੰ ਕਦੀ ਘਰ ਲੈਕੇ ਨਾ ਜਾਉ
- ਬੱਚਿਆਂ ਨੂੰ ਕੀਟਨਾਸ਼ਕ ਤੋਂ ਦੂਰ ਰੱਖੋ